ਮਿੱਠੇ ਬੱਚੇ:- "ਮਿੱਠੇ ਬੱਚੇ ਸ਼ਿਵ ਬਾਬਾ ਆਇਆ ਹੈ ਤੁਹਾਡੇ ਸਾਰੇ ਭੰਡਾਰੇ ਭਰਪੂਰ ਕਰਨ ਦੇ ਲਈ, ਕਿਹਾ ਵੀ ਜਾਂਦਾ ਹੈ ਭੰਡਾਰਾ ਭਰਪੂਰ ਕਾਲ ਕੰਟਕ ਦੂਰ"

ਪ੍ਰਸ਼ਨ:- ਗਿਆਨਵਾਨ ਬੱਚਿਆਂ ਦੀ ਬੁੱਧੀ ਵਿੱਚ ਕਿਸ ਇੱਕ ਗੱਲ ਦਾ ਨਿਸ਼ਚੈ ਪੱਕਾ ਹੋਵੇਗਾ?

ਉੱਤਰ:- ਉਨ੍ਹਾਂ ਨੂੰ ਪੱਕਾ ਨਿਸ਼ਚੈ ਹੋਵੇਗਾ ਕਿ ਸਾਡਾ ਜੋ ਪਾਰਟ ਹੈ ਉਹ ਕਦੇ ਘਿਸਦਾ-ਮਿਟਦਾ ਨਹੀਂ ਹੈ। ਸਾਡੀ ਆਤਮਾ ਵਿੱਚ 84 ਜਨਮਾਂ ਦਾ ਅਵਿਨਾਸ਼ੀ ਪਾਰਟ ਭਰਿਆ ਹੋਇਆ ਹੈ, ਇਹ ਹੀ ਬੁੱਧੀ ਵਿੱਚ ਗਿਆਨ ਹੈ ਤਾਂ ਗਿਆਨਵਾਨ ਹੈ। ਨਹੀਂ ਤਾਂ ਸਾਰਾ ਗਿਆਨ ਬੁੱਧੀ ਤੋਂ ਉੱਡ ਜਾਂਦਾ ਹੈ।

ਓਮ ਸ਼ਾਂਤੀ। ਬਾਪ ਆਕੇ ਰੂਹਾਨੀ ਬੱਚਿਆਂ ਪ੍ਰਤੀ ਕੀ ਕਹਿੰਦੇ ਹਨ? ਕੀ ਸੇਵਾ ਕਰਦੇ ਹਨ? ਇਸ ਵੇਲੇ ਬਾਪ ਇਹ ਰੂਹਾਨੀ ਪੜਾਈ ਪੜਾਉਣ ਦੀ ਸੇਵਾ ਕਰਦੇ ਹਨ। ਇਹ ਵੀ ਤੁਸੀਂ ਜਾਣਦੇ ਹੋ। ਬਾਪ ਦਾ ਵੀ ਪਾਰਟ ਹੈ, ਟੀਚਰ ਦਾ ਵੀ ਪਾਰਟ ਹੈ ਅਤੇ ਗੁਰੂ ਦਾ ਵੀ ਪਾਰਟ ਹੈ। ਤਿੰਨੇ ਪਾਰਟ ਚੰਗੇ ਵਜਾ ਰਹੇ ਹਨ। ਤੁਸੀਂ ਜਾਣਦੇ ਹੋ ਉਹ ਬਾਪ ਵੀ ਹੈ, ਸਦਗਤੀ ਦੇਣ ਵਾਲਾ ਗੁਰੂ ਵੀ ਹੈ ਅਤੇ ਸਭ ਦੇ ਲਈ ਹੈ। ਛੋਟੇ, ਵੱਡੇ, ਬੁੱਢੇ, ਜਵਾਨ ਸਭ ਦੇ ਲਈ ਇੱਕ ਹੀ ਹੈ। ਸੁਪਰੀਮ ਬਾਪ, ਸੁਪਰੀਮ ਟੀਚਰ ਹੈ। ਬੇਹੱਦ ਦੀ ਸਿੱਖਿਆ ਦਿੰਦੇ ਹਨ। ਤੁਸੀਂ ਕਾਨਫ੍ਰੰਸ ਵਿੱਚ ਵੀ ਸਮਝਾ ਸਕਦੇ ਹੋ ਕਿ ਅਸੀਂ ਸਭ ਦੀ ਬਾਯੋਗ੍ਰਾਫੀ ਨੂੰ ਜਾਣਦੇ ਹਾਂ। ਪਰਮਪਿਤਾ ਪਰਮਾਤਮਾ ਸ਼ਿਵਬਾਬਾ ਦੀ ਜੀਵਨ ਕਹਾਣੀ ਨੂੰ ਵੀ ਜਾਣਦੇ ਹਾਂ। ਨੰਬਰਵਾਰ ਸਭ ਬੁੱਧੀ ਵਿੱਚ ਯਾਦ ਹੋਣਾ ਚਾਹੀਦਾ ਹੈ। ਸਾਰਾ ਵਿਰਾਟ ਰੂਪ ਜਰੂਰ ਬੁੱਧੀ ਵਿੱਚ ਰਹਿੰਦਾ ਹੋਵੇਗਾ। ਹੁਣ ਅਸੀਂ ਬ੍ਰਾਹਮਣ ਬਣੇ ਹਾਂ, ਫਿਰ ਅਸੀਂ ਦੇਵਤਾ ਬਣਾਂਗੇ ਫਿਰ ਖੱਤਰੀ, ਵੈਸ਼, ਸ਼ੂਦਰ ਬਣਾਂਗੇ। ਇਹ ਤਾਂ ਬੱਚਿਆਂ ਨੂੰ ਯਾਦ ਹੈ ਨਾ। ਤੁਸੀਂ ਬੱਚਿਆਂ ਤੋਂ ਇਲਾਵਾ ਹੋਰ ਕਿਸੇ ਨੂੰ ਇਹ ਗੱਲਾਂ ਯਾਦ ਨਹੀਂ ਹੋਣਗੀਆਂ। ਉੱਥਾਨ ਅਤੇ ਪਤਨ ਦਾ ਸਾਰਾ ਰਾਜ਼ ਬੁੱਧੀ ਵਿੱਚ ਰਹੇ। ਅਸੀਂ ਉੱਥਾਨ ਵਿੱਚ ਸੀ ਫਿਰ ਪਤਨ ਵਿੱਚ ਆਏ, ਹੁਣ ਵਿਚਕਾਰ ਹਾਂ। ਸ਼ੂਦਰ ਵੀ ਨਹੀਂ ਹਾਂ, ਪੂਰੇ ਬ੍ਰਾਹਮਣ ਵੀ ਨਹੀਂ ਬਣੇ ਹਾਂ। ਜੇਕਰ ਹੁਣ ਪੱਕੇ ਬ੍ਰਾਹਮਣ ਹੋ ਤਾਂ ਫਿਰ ਸ਼ੂਦਰਪਨੇ ਦੀ ਐਕਟ ਨਾ ਹੋਵੇ। ਬ੍ਰਾਹਮਣਾ ਵਿੱਚ ਫਿਰ ਵੀ ਸ਼ੂਦਰਪਨਾ ਆ ਜਾਂਦਾ ਹੈ। ਇਹ ਵੀ ਤੁਸੀਂ ਜਾਣਦੇ ਹੋ - ਕਦੋ ਤੋਂ ਪਾਪ ਸ਼ੁਰੂ ਕੀਤੇ ਹਨ? ਜਦੋ ਤੋਂ ਕਾਮ ਚਿਤਾ ਤੇ ਚੜ੍ਹੇ ਹੋ, ਤਾਂ ਤੁਹਾਡੀ ਬੁੱਧੀ ਵਿੱਚ ਸਾਰਾ ਚੱਕਰ ਹੈ। ਉੱਪਰ ਵਿੱਚ ਹੈ ਪਰਮਪਿਤਾ ਪਰਮਾਤਮਾ ਬਾਪ, ਫਿਰ ਤੁਸੀਂ ਹੋ ਆਤਮਾਵਾਂ। ਇਹ ਗੱਲਾਂ ਤੁਹਾਡੇ ਬੱਚਿਆਂ ਦੀ ਬੁੱਧੀ ਵਿੱਚ ਜਰੂਰ ਯਾਦ ਰਹਿਣੀਆ ਚਾਹੀਦੀਆਂ ਹਨ। ਹੁਣ ਅਸੀਂ ਬ੍ਰਾਹਮਣ ਹਾਂ, ਦੇਵਤਾ ਬਣ ਰਹੇ ਹਾਂ ਫਿਰ ਵੈਸ਼, ਸ਼ੂਦਰ ਡਾਇਨੇਸਟੀ ਵਿੱਚ ਆਵਾਂਗੇ। ਬਾਪ ਆਕੇ ਸਾਨੂੰ ਸ਼ੂਦਰ ਤੋਂ ਬ੍ਰਾਹਮਣ ਬਣਾਉਂਦੇ ਹਨ ਫਿਰ ਅਸੀਂ ਬ੍ਰਾਹਮਣ ਸੋ ਦੇਵਤਾ ਬਣਾਂਗੇ। ਬ੍ਰਾਹਮਣ ਬਣ ਕਰਮਾਤੀਤ ਅਵਸਥਾ ਨੂੰ ਪ੍ਰਾਪਤ ਕਰ ਕੇ ਫਿਰ ਵਾਪਿਸ ਜਾਵਾਂਗੇ। ਤੁਸੀਂ ਬਾਪ ਨੂੰ ਵੀ ਜਾਣਦੇ ਹੋ। ਬਾਜ਼ੋਲੀ ਅਤੇ 84 ਦੇ ਚੱਕਰ ਨੂੰ ਵੀ ਤੁਸੀਂ ਜਾਣਦੇ ਹੋ। ਬਾਜ਼ੋਲੀ ਨਾਲ ਤੁਹਾਨੂੰ ਬੜਾ ਈਜ਼ੀ ਕਰਕੇ ਸਮਝਾਉਂਦੇ ਹਨ। ਤੁਹਾਨੂੰ ਬੜਾ ਹਲਕਾ ਬਣਾਉਂਦੇ ਹਨ ਤਾਂ ਜੋ ਆਪਣੇ ਨੂੰ ਬਿੰਦੀ ਸਮਝ ਅਤੇ ਛੱਟ ਭੱਜਣਗੇ। ਸਟੂਡੈਂਟ ਕਲਾਸ ਵਿੱਚ ਬੈਠੇ ਰਹਿੰਦੇ ਹਨ ਤਾਂ ਬੁੱਧੀ ਵਿੱਚ ਸਟੱਡੀ ਹੀ ਯਾਦ ਰਹਿੰਦੀ ਹੈ। ਤੁਹਾਨੂੰ ਵੀ ਇਹ ਪੜਾਈ ਯਾਦ ਰਹਿਣੀ ਚਾਹੀਦੀ ਹੈ। ਅਸੀਂ ਹੁਣ ਸੰਗਮਯੁੱਗ ਤੇ ਹਾਂ ਫਿਰ ਇਸ ਤਰ੍ਹਾਂ ਚੱਕਰ ਲਗਾਵਾਂਗੇ। ਇਹ ਚੱਕਰ ਸਦਾ ਬੁੱਧੀ ਵਿੱਚ ਫਿਰਦਾ ਰਹਿਣਾ ਚਾਹੀਦਾ ਹੈ। ਇਹ ਚੱਕਰ ਆਦਿ ਦਾ ਨਾਲੇਜ਼ ਤੁਹਾਡੇ ਬ੍ਰਾਹਮਣਾਂ ਦੇ ਕੋਲ ਹੀ ਹੈ, ਨਾ ਕਿ ਸ਼ੂਦਰਾਂ ਦੇ ਕੋਲ। ਦੇਵਤਾਵਾਂ ਕੋਲ ਵੀ ਇਹ ਗਿਆਨ ਨਹੀਂ ਹੈ। ਹੁਣ ਤੁਸੀਂ ਸਮਝਦੇ ਹੋ ਭਗਤੀ ਮਾਰਗ ਦੇ ਜੋ ਚਿੱਤਰ ਬਣੇ ਹਨ ਸਾਰੇ ਡਿਫੈਕਟਿਡ ਹੈ। ਤੁਹਾਡੇ ਕੋਲ ਹਨ ਐਕੂਰੇਟ (ਸਹੀ) ਕਿਉਂਕਿ ਤੁਸੀਂ ਐਕੂਰੇਟ ਬਣਦੇ ਹੋ। ਹੁਣ ਤੁਹਾਨੂੰ ਗਿਆਨ ਮਿਲਿਆ ਹੈ ਫਿਰ ਸਮਝਦੇ ਹੋ ਭਗਤੀ ਕਿਸ ਨੂੰ ਕਿਹਾ ਜਾਂਦਾ ਹੈ, ਗਿਆਨ ਕਿਸ ਨੂੰ ਕਿਹਾ ਜਾਂਦਾ ਹੈ? ਗਿਆਨ ਦੇਣ ਵਾਲਾ ਬਾਪ ਗਿਆਨ ਦਾ ਸਾਗਰ ਹੁਣ ਮਿਲਿਆ ਹੈ। ਸਕੂਲ ਵਿੱਚ ਪੜ੍ਹਦੇ ਹਨ ਤਾਂ ਏਮ ਆਬਜੈਕਟ ਦਾ ਤੇ ਪਤਾ ਹੁੰਦਾ ਹੈ ਨਾ। ਭਗਤੀ ਮਾਰਗ ਵਿੱਚ ਤਾਂ ਏਮ ਆਬਜੈਕਟ ਹੁੰਦੀ ਨਹੀਂ ਹੈ। ਇਹ ਥੋੜੀ ਤੁਹਾਨੂੰ ਪਤਾ ਸੀ ਕਿ ਅਸੀਂ ਉੱਚੇ ਦੇਵੀ - ਦੇਵਤਾ ਸੀ ਫਿਰ ਥੱਲੇ ਡਿੱਗੇ ਹਾਂ। ਹੁਣ ਜਦੋ ਬ੍ਰਾਹਮਣ ਬਣੇ ਹੋ ਤਾਂ ਫਿਰ ਪਤਾ ਚਲਦਾ ਹੈ। ਬ੍ਰਹਮਾਕੁਮਾਰ - ਬ੍ਰਹਮਾਕੁਮਾਰੀਆਂ ਜਰੂਰ ਅੱਗੇ ਵੀ ਬਣੇ ਸੀ। ਪ੍ਰਜਾਪਿਤਾ ਬ੍ਰਹਮਾ ਦਾ ਨਾਮ ਤਾਂ ਬਾਲਾ ਹੈ। ਪ੍ਰਜਾਪਿਤਾ ਤਾਂ ਮਨੁੱਖ ਹੈ ਨਾ। ਉਨ੍ਹਾਂ ਦੇ ਢੇਰ ਬੱਚੇ ਹਨ ਜਰੂਰ ਅਡੋਪਟੇਡ ਹੋਣੇ ਚਾਹੀਦੇ ਹਨ। ਕਿੰਨੇ ਅਡੋਪਟੇਡ ਹਨ। ਆਤਮਾ ਦੇ ਰੂਪ ਵਿੱਚ ਤਾਂ ਸਾਰੇ ਭਾਈ - ਭਾਈ ਹੈ। ਹੁਣ ਤੁਹਾਡੀ ਬੁੱਧੀ ਕਿੰਨੀ ਦੂਰ ਜਾਂਦੀ ਹੈ। ਤੁਸੀਂ ਜਾਣਦੇ ਹੋ ਜਿਵੇਂ ਉਪਰ ਵਿੱਚ ਸਟਾਰਜ਼ ਖੜੇ ਹਨ। ਦੂਰ ਤੋਂ ਕਿੰਨੇ ਛੋਟੇ ਦਿਖਾਈ ਦਿੰਦੇ ਹਨ। ਤੁਸੀਂ ਵੀ ਬੜੀ ਛੋਟੀ ਜਿਹੀ ਆਤਮਾ ਹੋ। ਆਤਮਾ ਕਦੇ ਛੋਟੀ ਵੱਡੀ ਨਹੀਂ ਹੁੰਦੀ ਹੈ। ਹਾਂ, ਤੁਹਾਡਾ ਮਰਤਬਾ ਬੜਾ ਉੱਚਾ ਹੈ। ਉਨ੍ਹਾਂ ਨੂੰ ਵੀ ਸੂਰਜ ਦੇਵਤਾ, ਚੰਦਰਮਾ ਦੇਵਤਾ ਕਹਿੰਦੇ ਹਨ। ਸੂਰਜ ਬਾਪ, ਚੰਦਰਮਾ ਮਾਂ ਕਹਾਂਗੇ। ਬਾਕੀ ਸਭ ਆਤਮਾਵਾਂ ਨਕਸ਼ਤਰ ਸਿਤਾਰੇ ਹਨ। ਤਾਂ ਸਭ ਆਤਮਾਵਾਂ ਇੱਕ ਜਿਹੀਆਂ ਛੋਟੀਆਂ ਹਨ। ਇੱਥੇ ਆਕੇ ਪਾਰਟਧਾਰੀ ਬਣਦੀਆਂ ਹਨ। ਦੇਵਤਾ ਤਾਂ ਤੁਸੀਂ ਹੀ ਬਣਦੇ ਹੋ।

ਅਸੀਂ ਬੜੇ ਪਾਵਰਫੁੱਲ ਬਣ ਰਹੇ ਹਾਂ। ਬਾਪ ਨੂੰ ਯਾਦ ਕਰਨ ਨਾਲ ਅਸੀਂ ਸਤੋਪ੍ਰਧਾਨ ਦੇਵਤਾ ਬਣ ਜਾਵਾਂਗੇ। ਨੰਬਰਵਾਰ ਥੋੜਾ ਥੋੜਾ ਫਰਕ ਤਾਂ ਰਹਿੰਦਾ ਹੈ ਨਾ। ਕੋਈ ਆਤਮਾ ਪਵਿੱਤਰ ਬਣ ਸਤੋਪ੍ਰਧਾਨ ਦੇਵਤਾ ਬਣ ਜਾਂਦੀ ਹੈ, ਕੋਈ ਆਤਮਾ ਪੂਰਾ ਪਵਿੱਤਰ ਨਹੀਂ

ਬਣਦੀ ਹੈ। ਗਿਆਨ ਨੂੰ ਜਰਾ ਵੀ ਨਹੀਂ ਜਾਣਦੀ ਹੈ। ਬਾਪ ਨੇ ਸਮਝਾਇਆ ਹੈ ਬਾਪ ਦਾ ਪਰਿਚੈ ਤਾਂ ਜਰੂਰ ਸਭ ਨੂੰ ਮਿਲਣਾ ਚਾਹੀਦਾ ਹੈ। ਪਿੱਛੇ ਬਾਪ ਨੂੰ ਤਾਂ ਜਾਨਣਗੇ ਨਾ। ਵਿਨਾਸ਼ ਦੇ ਵੇਲੇ ਸਭ ਨੂੰ ਪਤਾ ਲਗਦਾ ਹੈ ਕਿ ਬਾਪ ਆਇਆ ਹੋਇਆ ਹੈ। ਹੁਣ ਵੀ ਕੋਈ ਕੋਈ ਕਹਿੰਦੇ ਹਨ ਭਗਵਾਨ ਜਰੂਰ ਕਿਤੇ ਆਇਆ ਹੋਇਆ ਹੈ ਪਰ ਪਤਾ ਨਹੀਂ ਲੱਗਦਾ ਹੈ। ਸਮਝਦੇ ਹਨ ਕੋਈ ਵੀ ਰੂਪ ਵਿੱਚ ਆ ਜਾਵੇਗਾ। ਮਨੁੱਖ ਮੱਤ ਤਾਂ ਬਹੁੱਤ ਹਨ, ਤੁਹਾਡੀ ਤਾਂ ਹੈ ਇੱਕ ਇਸ਼ਵਰੀਏ ਮੱਤ। ਤੁਸੀਂ ਇਸ਼ਵਰੀਏ ਮੱਤ ਨਾਲ ਕੀ ਬਣਦੇ ਹੋ? ਇੱਕ ਹੈ ਮਨੁੱਖ ਮੱਤ, ਦੂਜੀ ਹੈ ਇਸ਼ਵਰੀਏ ਮੱਤ ਅਤੇ ਤੀਸਰੀ ਹੈ ਦੇਵਤਾ ਮੱਤ। ਦੇਵਤਾਵਾਂ ਨੂੰ ਵੀ ਮੱਤ ਕਿਸ ਨੇ ਦਿੱਤੀ? ਬਾਪ ਨੇ। ਬਾਪ ਦੀ ਮੱਤ ਹੈ ਹੀ ਸ੍ਰੇਸ਼ਠ ਬਣਾਉਣ ਵਾਲੀ। ਸ੍ਰੀ - ਸ੍ਰੀ ਬਾਪ ਨੂੰ ਹੀ ਕਹਾਂਗੇ, ਨਾ ਕਿ ਮਨੁੱਖਾਂ ਨੂੰ। ਸ੍ਰੀ - ਸ੍ਰੀ ਹੀ ਆਕੇ ਸ੍ਰੀ ਬਣਾਉਂਦੇ ਹਨ। ਦੇਵਤਾਵਾਂ ਨੂੰ ਸ੍ਰੇਸ਼ਠ ਬਣਾਉਣ ਵਾਲਾ ਬਾਪ ਹੀ ਹੈ, ਉਨ੍ਹਾਂ ਨੂੰ ਸ੍ਰੀ ਸ੍ਰੀ ਕਹਾਂਗੇ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਅਜਿਹਾ ਲਾਇਕ ਬਣਾਉਂਦਾ ਹਾਂ। ਉਨ੍ਹਾਂ ਲੋਕਾਂ ਨੇ ਫਿਰ ਆਪਣੇ ਤੇ ਸ੍ਰੀ ਸ੍ਰੀ ਦਾ ਟਾਈਟਲ ਰੱਖ ਦਿੱਤਾ ਹੈ। ਕਾਨਫਰੈਂਸ ਵਿੱਚ ਵੀ ਤੁਸੀਂ ਸਮਝਾ ਸਕਦੇ ਹੋ। ਤੁਸੀਂ ਹੀ ਸਮਝਾਉਣ ਦੇ ਲਈ ਨਿਮਿਤ ਬਣੇ ਹੋਏ ਹੋ। ਸ੍ਰੀ ਸ੍ਰੀ ਤਾਂ ਹੈ ਹੀ ਇੱਕ ਸ਼ਿਵ ਬਾਬਾ ਜੋ ਅਜਿਹਾ ਸ੍ਰੀ ਦੇਵਤਾ ਬਣਾਉਂਦੇ ਹਨ। ਉਹ ਲੋਕ ਸ਼ਾਸਤਰਾਂ ਆਦਿ ਦੀ ਪੜਾਈ ਪੜ੍ਹ ਕੇ ਟਾਈਟਲ ਲੈ ਆਉਂਦੇ ਹਨ। ਤੁਹਾਨੂੰ ਤਾਂ ਸ੍ਰੀ ਸ੍ਰੀ ਬਾਪ ਹੀ ਸ੍ਰੀ ਮਤਲਬ ਸ੍ਰੇਸ਼ਠ ਬਣਾ ਰਹੇ ਹਨ। ਇਹ ਹੈ ਹੀ ਤਮੋਪ੍ਰਧਾਨ ਭ੍ਰਿਸ਼ਟਚਾਰੀ ਦੁਨੀਆਂ। ਭ੍ਰਿਸ਼ਟਚਾਰ ਨਾਲ ਜਨਮ ਲੈਂਦੇ ਹਨ। ਕਿਥੇ ਬਾਪ ਦਾ ਟਾਈਟਲ, ਕਿਥੇ ਇਹ ਪੱਤਿਤ ਮਨੁੱਖ ਆਪਣੇ ਤੇ ਰਖਾਉਂਦੇ ਹਨ। ਸੱਚੀ - ਸੱਚੀ ਸ੍ਰੇਸ਼ਠ ਮਹਾਨ ਆਤਮਾਵਾਂ ਤਾਂ ਦੇਵੀ ਦੇਵਤਾ ਹਨ ਨਾ। ਸਤੋਪ੍ਰਧਾਨ ਦੁਨੀਆਂ ਵਿੱਚ ਕੋਈ ਵੀ ਤਮੋਪ੍ਰਧਾਨ ਮਨੁੱਖ ਹੋ ਨਹੀਂ ਸਕਦਾ ਹੈ। ਰਜੋ ਵਿੱਚ ਰਜੋ ਮਨੁੱਖ ਹੀ ਰਹਿਣਗੇ, ਨਾ ਕਿ ਤਮੋਗੁਣੀ। ਵਰਨ ਵੀ ਗਾਏ ਜਾਂਦੇ ਹਨ। ਹੁਣ ਤੁਸੀਂ ਸਮਝਦੇ ਹੋ, ਅੱਗੇ ਤਾਂ ਅਸੀਂ ਕੁਝ ਨਹੀਂ ਸਮਝਦੇ ਸੀ। ਹੁਣ ਬਾਪ ਕਿੰਨਾ ਸਮਝਦਾਰ ਬਣਾਉਂਦੇ ਹਨ। ਤੁਸੀਂ ਕਿੰਨਾ ਧਨਵਾਨ ਬਣਦੇ ਹੋ। ਸ਼ਿਵਬਾਬਾ ਦਾ ਭੰਡਾਰਾ ਭਰਪੂਰ ਹੈ। ਸ਼ਿਵਬਾਬਾ ਦਾ ਭੰਡਾਰਾ ਕਿਹੜਾ ਹੈ? (ਅਵਿਨਾਸ਼ੀ ਗਿਆਨ ਰਤਨਾ ਦਾ) ਸ਼ਿਵਬਾਬਾ ਦਾ ਭੰਡਾਰਾ ਭਰਪੂਰ ਕਾਲ ਕੰਟਕ ਦੂਰ। ਬਾਪ ਤੁਹਾਨੂੰ ਬੱਚਿਆਂ ਨੂੰ ਗਿਆਨ ਰਤਨ ਦਿੰਦੇ ਹਨ। ਆਪ ਹੈ ਸਾਗਰ। ਗਿਆਨ ਰਤਨਾਂ ਦਾ ਸਾਗਰ ਹੈ। ਬੱਚਿਆਂ ਦੀ ਬੁੱਧੀ ਬੇਹੱਦ ਵਿੱਚ ਜਾਣੀ ਚਾਹੀਦੀ ਹੈ। ਇੰਨੀਆਂ ਕਰੋੜ ਆਤਮਾਵਾਂ ਸਾਰੀਆਂ ਆਪਣੇ ਸ਼ਰੀਰ ਰੂਪੀ ਤਖਤ ਤੇ ਵਿਰਾਜਮਾਨ ਹਨ। ਇਹ ਬੇਹੱਦ ਦਾ ਨਾਟਕ ਹੈ। ਆਤਮਾ ਇਸ ਤੱਖਤ ਤੇ ਵਿਰਾਜਮਾਨ ਹੁੰਦੀ ਹੈ। ਤੱਖਤ ਇੱਕ ਨਾ ਮਿਲੇ ਦੂਜੇ ਦੇ ਨਾਲ। ਸਭ ਦੇ ਫੀਚਰਜ਼ ਵੱਖ ਵੱਖ ਹਨ, ਇਸਨੂੰ ਕਿਹਾ ਜਾਂਦਾ ਹੈ ਕੁਦਰਤ। ਹਰ ਇੱਕ ਦਾ ਕਿਵੇਂ ਅਵਿਨਾਸ਼ੀ ਪਾਰਟ ਹੈ। ਇੰਨੀ ਛੋਟੀ ਆਤਮਾ ਵਿੱਚ 84 ਦਾ ਰਿਕਾਰਡ ਭਰਿਆ ਹੋਇਆ ਰਹਿੰਦਾ ਹੈ। ਅਤਿ ਸੂਖਸ਼ਮ ਹੈ। ਇਸ ਤੋਂ ਸੂਖਸ਼ਮ ਵੰਡਰ ਕੋਈ ਹੋ ਨਹੀਂ ਸਕਦਾ ਹੈ। ਇੰਨੀ ਛੋਟੀ ਆਤਮਾ ਵਿੱਚ ਸਾਰਾ ਪਾਰਟ ਭਰਿਆ ਹੋਇਆ ਹੈ, ਜੋ ਇੱਥੇ ਹੀ ਪਾਰਟ ਵਜਾਉਂਦੀ ਹੈ। ਸੂਖਸ਼ਮ ਵਤਨ ਵਿੱਚ ਤਾਂ ਕੋਈ ਪਾਰਟ ਵਜਾਉਂਦੀ ਨਹੀਂ ਹੈ। ਬਾਪ ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ। ਬਾਪ ਦਵਾਰਾ ਤੁਸੀਂ ਸਭ ਕੁਝ ਜਾਣ ਜਾਂਦੇ ਹੋ। ਇਹ ਹੀ ਨਾਲੇਜ਼ ਹੈ। ਇਵੇਂ ਨਹੀਂ ਕਿ ਸਭ ਦੇ ਅੰਦਰ ਨੂੰ ਜਾਨਣ ਵਾਲਾ ਹੈ। ਇਹ ਨਾਲੇਜ਼ ਜਾਣਦੇ ਹਨ, ਜੋ ਨਾਲੇਜ਼ ਤੁਹਾਡੇ ਵਿੱਚ ਵੀ ਇਮਰਜ਼ ਹੋ ਰਹੀ ਹੈ। ਜਿਸ ਨਾਲੇਜ਼ ਨਾਲ ਹੀ ਤੁਸੀਂ ਇੰਨੀ ਉੱਚੀ ਪਦਵੀ ਪਾਉਂਦੇ ਹੋ। ਇਹ ਵੀ ਸਮਝ ਰਹਿੰਦੀ ਹੈ ਨਾ। ਬਾਪ ਹੈ ਬੀਜਰੂਪ। ਉਨ੍ਹਾਂ ਵਿੱਚ ਝਾੜ ਦੇ ਆਦਿ, ਮੱਧ, ਅੰਤ ਦੀ ਨਾਲੇਜ਼ ਹੈ। ਮਨੁੱਖਾ ਨੇ ਤਾਂ ਲੱਖਾਂ ਸਾਲ ਉਮਰ ਦੇ ਦਿੱਤੀ ਹੈ, ਤਾਂ ਗਿਆਨ ਆ ਨਹੀਂ ਸਕਦਾ ਹੈ। ਹੁਣ ਤੁਹਾਨੂੰ ਸੰਗਮ ਤੇ ਇਹ ਸਾਰਾ ਗਿਆਨ ਮਿਲ ਰਿਹਾ ਹੈ। ਬਾਪ ਦਵਾਰਾ ਤੁਸੀਂ ਸਾਰੇ ਚੱਕਰ ਨੂੰ ਜਾਣ ਜਾਂਦੇ ਹੋ। ਇਸ ਤੋਂ ਪਹਿਲਾਂ ਤੁਸੀਂ ਕੁਝ ਨਹੀਂ ਜਾਣਦੇ ਸੀ। ਹੁਣ ਤੁਸੀਂ ਸੰਗਮ ਤੇ ਹੋ। ਇਹ ਹੈ ਤੁਹਾਡਾ ਅੰਤ ਦਾ ਜਨਮ। ਪੁਰਸ਼ਾਰਥ ਕਰਦੇ - ਕਰਦੇ ਫਿਰ ਤੁਸੀਂ ਪੂਰਾ ਬ੍ਰਾਹਮਣ ਬਣ ਜਾਵੋਗੇ। ਹੁਣ ਨਹੀਂ ਹੋ। ਹੁਣ ਤਾਂ ਚੰਗੇ ਚੰਗੇ ਬੱਚੇ ਵੀ ਬ੍ਰਾਹਮਣ ਤੋਂ ਫਿਰ ਸ਼ੂਦਰ ਬਣ ਜਾਂਦੇ ਹਨ। ਇਸ ਨੂੰ ਕਿਹਾ ਜਾਂਦਾ ਹੈ ਮਾਇਆ ਤੋਂ ਹਾਰ ਖਾ ਲੈਣਾ। ਬਾਪ ਦੀ ਗੋਦ ਤੋਂ ਹਾਰ ਕੇ ਰਾਵਣ ਦੀ ਗੋਦ ਵਿੱਚ ਚਲੇ ਜਾਂਦੇ ਹਨ। ਕਿਥੇ ਬਾਪ ਦੀ ਸ੍ਰੇਸ਼ਠ ਬਨਣ ਦੀ ਗੋਦ, ਕਿਥੇ ਭ੍ਰਿਸ਼ਟ ਬਨਣ ਦੀ ਗੋਦ। ਸੈਕੰਡ ਵਿੱਚ ਜੀਵਨਮੁੱਕਤੀ। ਸੈਕੰਡ ਵਿੱਚ ਪੂਰੀ ਦੁਰਦਸ਼ਾ ਹੋ ਜਾਂਦੀ ਹੈ। ਬ੍ਰਾਹਮਣ ਬੱਚੇ ਚੰਗੀ ਤਰ੍ਹਾਂ ਜਾਣਦੇ ਹਨ - ਕਿਵੇਂ ਦੁਰਦਸ਼ਾ ਹੋ ਜਾਂਦੀ ਹੈ। ਅੱਜ ਬਾਪ ਦੇ ਬਣਦੇ, ਕੱਲ ਫਿਰ ਮਾਇਆ ਦੇ ਪੰਜੇ ਵਿੱਚ ਆਕੇ ਰਾਵਣ ਦੇ ਬਣ ਜਾਂਦੇ ਹਨ। ਫਿਰ ਤੁਸੀਂ ਬਚਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਕੋਈ-ਕੋਈ ਬਚ ਵੀ ਜਾਂਦੇ ਹਨ। ਤੁਸੀਂ ਦੇਖਦੇ ਹੋ ਡੁੱਬਦੇ ਹਨ ਤਾਂ ਬਚਾਉਣ ਦੀ ਕੋਸ਼ਿਸ਼ ਕਰਦੇ ਰਹੋ। ਕਿੰਨੀ ਖਿਟਖਿਟ ਹੁੰਦੀ ਹੈ।

ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਇੱਥੇ ਸਕੂਲ ਵਿੱਚ ਤੁਸੀਂ ਪੜ੍ਹਦੇ ਹੋ ਨਾ। ਤੁਹਾਨੂੰ ਪਤਾ ਹੈ ਕਿਵੇਂ ਅਸੀਂ ਇਹ ਚੱਕਰ ਲਗਾਉਂਦੇ ਹਾਂ। ਤੁਹਾਨੂੰ ਬੱਚਿਆਂ ਨੂੰ ਸ਼੍ਰੀਮਤ ਮਿਲਦੀ ਹੈ ਇਵੇਂ-ਇਵੇਂ ਕਰੋ। ਭਗਵਾਨੁਵਾਚ ਤਾਂ ਜਰੂਰ ਹੈ ਨਾ। ਉਨ੍ਹਾਂ ਦੀ ਸ਼੍ਰੀਮਤ ਹੋਈ ਨਾ। ਮੈਂ ਤੁਹਾਨੂੰ ਬੱਚਿਆਂ ਨੂੰ ਹੁਣ ਸ਼ੂਦਰ ਤੋਂ ਦੇਵਤਾ ਬਣਾਉਣ ਆਇਆ ਹਾਂ। ਹੁਣ ਕਲਯੁੱਗ ਵਿੱਚ ਹੈ ਸ਼ੂਦਰ ਸੰਪਰਦਾਏ। ਤੁਸੀਂ ਜਾਣਦੇ ਹੋ ਕਲਯੁੱਗ ਪੂਰਾ ਹੋ ਰਿਹਾ ਹੈ। ਤੁਸੀਂ ਸੰਗਮ ਤੇ ਬੈਠੇ ਹੋ। ਇਹ ਬਾਪ ਦਵਾਰਾ ਤੁਹਾਨੂੰ ਨਾਲੇਜ਼ ਮਿਲੀ ਹੈ। ਸ਼ਾਸਤਰ ਜੋ ਵੀ ਬਣਾਏ ਹਨ ਉਨ੍ਹਾਂ ਸਭ ਵਿੱਚ ਮਨੁੱਖ ਮਤ। ਈਸ਼ਵਰ ਤਾਂ ਸ਼ਾਸਤਰ ਬਣਾਉਂਦੇ ਨਹੀਂ ਹਨ। ਇੱਕ ਗੀਤਾ ਦੇ ਉਪਰ ਹੀ ਕਿੰਨੇ ਨਾਮ ਰੱਖ ਦਿੱਤੇ ਹਨ। ਗਾਂਧੀ ਗੀਤਾ, ਟੈਗੋਰ ਗੀਤਾ ਆਦਿ - ਆਦਿ। ਢੇਰ ਨਾਮ ਹਨ। ਗੀਤਾ ਨੂੰ ਮਨੁੱਖ ਇੰਨਾ ਕਿਉਂ ਪੜ੍ਹਦੇ ਹਨ? ਸਮਝਦੇ ਤਾਂ ਕੁਝ ਵੀ ਨਹੀਂ ਹਨ। ਅਧਿਆਏ ਉਹ ਹੀ ਉਠਾ ਕੇ ਮਤਲਬ ਆਪਣਾ - ਆਪਣਾ ਕਰਦੇ ਰਹਿੰਦੇ ਹਨ। ਉਹ ਤਾਂ ਸਭ ਮਨੁੱਖਾਂ ਦੇ ਬਣਾਏ ਹੋਏ ਹੋ ਗਏ ਨਾ। ਤੁਸੀਂ ਕਹਿ ਸਕਦੇ ਹੋ ਮਨੁੱਖ ਮੱ

ਤ ਦੀ ਬਣਾਈ ਹੋਈ ਗੀਤਾ ਪੜ੍ਹਨ ਨਾਲ ਅੱਜ ਇਹ ਹਾਲ ਹੋਇਆ ਹੈ। ਗੀਤਾ ਹੀ ਪਹਿਲਾ ਨੰਬਰ ਦਾ ਸ਼ਾਸਤਰ ਹੈ ਨਾ। ਉਹ ਹੈ ਦੇਵੀ ਦੇਵਤਾ ਧਰਮ ਦਾ ਸ਼ਾਸਤਰ। ਇਹ ਤੁਹਾਡਾ ਬ੍ਰਾਹਮਣ ਕੁੱਲ ਹੈ। ਇਹ ਵੀ ਬ੍ਰਾਹਮਣ ਧਰਮ ਹੈ ਨਾ। ਕਿੰਨੇ ਧਰਮ ਹਨ, ਜਿਸ ਜਿਸ ਨੇ ਜੋ

ਧਰਮ ਰਚਿਆ ਹੈ ਉਸਦਾ ਉਹ ਨਾਮ ਚਲਦਾ ਹੈ। ਜੈਨੀ ਲੋਕ ਮਹਾਵੀਰ ਕਹਿੰਦੇ ਹਨ। ਤੁਸੀਂ ਸਾਰੇ ਬੱਚੇ ਮਹਾਵੀਰ - ਮਹਾਵੀਰਨੀਆਂ ਹੋ। ਤੁਹਾਡਾ ਮੰਦਿਰ ਵਿੱਚ ਯਾਦਗਾਰ ਹੈ। ਰਾਜਯੋਗ ਹੈ ਨਾ। ਥੱਲੇ ਯੋਗ ਤੱਪਸਿਆ ਵਿੱਚ ਬੈਠੇ ਹਨ, ਉੱਪਰ ਰਾਜਾਈ ਦਾ ਚਿੱਤਰ ਹੈ। ਰਾਜਯੋਗ ਦਾ ਅਕਯੂਰੇਟ ਮੰਦਿਰ ਹੈ। ਫਿਰ ਕਿਸੇ ਨੇ ਕੋਈ ਨਾਮ ਰੱਖ ਦਿੱਤਾ ਹੈ, ਕਿਸੇ ਨੇ ਕੋਈ। ਯਾਦਗਾਰ ਹੈ ਬਿਲਕੁੱਲ ਐਕੂਰੇਟ, ਬੁੱਧੀ ਨਾਲ ਕੰਮ ਲੈ ਕੇ ਬਿਲਕੁੱਲ ਠੀਕ ਬਣਾਇਆ ਹੈ ਫਿਰ ਜਿਸ ਨੇ ਜੋ ਨਾਮ ਕਿਹਾ ਰੱਖ ਦਿੱਤਾ ਹੈ। ਇਹ ਮਾਡਲ ਰੂਪ ਵਿੱਚ ਬਣਾਇਆ ਹੈ। ਸਵਰਗ ਅਤੇ ਰਾਜਯੋਗ ਸੰਗਮਯੁੱਗ ਦਾ ਬਣਾਇਆ ਹੋਇਆ ਹੈ। ਤੁਸੀਂ ਆਦਿ ਮੱਧ ਅੰਤ ਨੂੰ ਜਾਣਦੇ ਹੋ। ਆਦਿ ਨੂੰ ਵੀ ਤੁਸੀਂ ਦੇਖਿਆ ਹੈ। ਆਦਿ ਸੰਗਮਯੁੱਗ ਨੂੰ ਕਹੋ ਜਾ ਸਤਿਯੁਗ ਨੂੰ ਕਹੋ। ਸੰਗਮਯੁੱਗ ਦੀ ਸੀਨ ਥੱਲੇ ਦਿਖਾਉਂਦੇ ਹਨ ਫਿਰ ਰਾਜਾਈ ਉੱਪਰ ਦਿਖਾਉਂਦੇ ਹਨ। ਤਾਂ ਸਤਿਯੁਗ ਹੈ ਆਦਿ ਫਿਰ ਮੱਧ ਵਿੱਚ ਹੈ ਦਵਾਪਰ। ਅੰਤ ਨੂੰ ਤੁਸੀਂ ਦੇਖਦੇ ਹੋ। ਇਹ ਸਭ ਖਤਮ ਹੋ ਜਾਣਾ ਹੈ। ਪੂਰਾ ਯਾਦਗਾਰ ਬਣਿਆ ਹੋਇਆ ਹੈ। ਦੇਵੀ ਦੇਵਤਾ ਹੀ ਵਾਮ ਮਾਰਗ ਵਿੱਚ ਜਾਂਦੇ ਹਨ। ਦਵਾਪਰ ਤੋਂ ਵਾਮ ਮਾਰਗ ਸ਼ੁਰੂ ਹੁੰਦਾ ਹੈ। ਯਾਦਗਾਰ ਪੂਰਾ ਐਕੂਰੇਟ ਹੈ। ਯਾਦਗਾਰ ਵਿੱਚ ਬੜੇ ਮੰਦਿਰ ਬਣਾਏ ਹਨ। ਇੱਥੇ ਹੀ ਸਭ ਨਿਸ਼ਾਨੀਆਂ ਹਨ। ਮੰਦਿਰ ਵੀ ਇੱਥੇ ਹੀ ਬਣਦੇ ਹਨ। ਦੇਵੀ - ਦੇਵਤਾ ਭਾਰਤਵਾਸੀ ਹੀ ਰਾਜ ਕਰਕੇ ਗਏ ਹਨ। ਫਿਰ ਬਾਅਦ ਵਿੱਚ ਕਿੰਨੇ ਮੰਦਿਰ ਬਣਾਉਂਦੇ ਹਨ। ਸਿੱਖ ਲੋਕ ਬਹੁੱਤ ਹੋਣਗੇ ਤਾਂ ਉਹ ਆਪਣਾ ਮੰਦਿਰ ਬਣਾ ਦੇਣਗੇ। ਮਿਲਟਰੀ ਵਾਲੇ ਵੀ ਆਪਣਾ ਮੰਦਿਰ ਬਣਾ ਦਿੰਦੇ ਹਨ। ਭਾਰਤਵਾਸੀ ਆਪਣੇ ਕ੍ਰਿਸ਼ਨ ਜਾਂ ਲਕਸ਼ਮੀ ਨਰਾਇਣ ਦਾ ਮੰਦਿਰ ਬਨਾਉਣਗੇ। ਹਨੂਮਾਨ, ਗਣੇਸ਼ ਦਾ ਬਨਾਉਣਗੇ। ਇਹ ਸਾਰਾ ਸ੍ਰਿਸ਼ਟੀ ਦਾ ਚੱਕਰ ਕਿਵੇਂ ਫਿਰਦਾ ਹੈ, ਕਿਵੇਂ ਸਥਾਪਨਾ, ਵਿਨਾਸ਼, ਪਾਲਣਾ ਹੁੰਦੀ ਹੈ - ਇਹ ਤੁਸੀਂ ਹੀ ਜਾਣਦੇ ਹੋ। ਇਸਨੂੰ ਕਿਹਾ ਜਾਂਦਾ ਹੈ ਅੰਧੇਰੀ ਰਾਤ। ਬ੍ਰਹਮਾ ਦਾ ਦਿਨ ਅਤੇ ਰਾਤ ਹੀ ਗਾਈ ਜਾਂਦੀ ਹੈ ਕਿਉਂਕਿ ਬ੍ਰਹਮਾ ਹੀ ਚੱਕਰ ਵਿੱਚ ਆਉਂਦੇ ਹਨ। ਹੁਣ ਤੁਸੀਂ ਬ੍ਰਾਹਮਣ ਹੋ ਫਿਰ ਦੇਵਤਾ ਬਣੋਗੇ। ਮੁੱਖ ਤਾਂ ਇਹ ਬ੍ਰਹਮਾ ਹੋਇਆ ਨਾ। ਬ੍ਰਹਮਾ ਨੂੰ ਰੱਖਣ ਜਾਂ ਵਿਸ਼ਨੂੰ ਨੂੰ ਰੱਖਣ! ਬ੍ਰਹਮਾ ਹੈ ਰਾਤ ਦਾ ਤੇ ਵਿਸ਼ਨੂੰ ਹੈ ਦਿਨ ਦਾ। ਉਹ ਹੀ ਫਿਰ ਰਾਤ ਤੋਂ ਦਿਨ ਵਿੱਚ ਆਉਂਦੇ ਹਨ। ਦਿਨ ਤੋਂ ਬਾਅਦ ਫਿਰ 84 ਜਨਮਾਂ ਦੇ ਬਾਅਦ ਰਾਤ ਵਿੱਚ ਆਉਂਦੇ ਹਨ। ਕਿੰਨੀ ਸਹਿਜ ਸਮਝ ਹੈ। ਇਹ ਵੀ ਪੂਰਾ ਯਾਦ ਕਰ ਨਹੀਂ ਸਕਦੇ ਹਨ। ਪੂਰੀ ਤਰ੍ਹਾਂ ਨਹੀਂ ਪੜ੍ਹਦੇ ਤਾਂ ਨੰਬਰਵਾਰ ਪੁਰਸ਼ਾਰਥ ਅਨੁਸਾਰ ਪਦਵੀ ਪਾਉਂਦੇ ਹਨ। ਜਿਨਾਂ ਯਾਦ ਕਰਣਗੇ ਸਤੋਪ੍ਰਧਾਨ ਬਨਣਗੇ। ਸਤੋਪ੍ਰਧਾਨ ਸੋ ਭਾਰਤ ਤਮੋਪ੍ਰਧਾਨ। ਬੱਚਿਆਂ ਵਿੱਚ ਕਿੰਨਾ ਗਿਆਨ ਹੈ। ਇਹ ਨਾਲੇਜ਼ ਸਿਮਰਨ ਕਰਨੀ ਹੈ। ਇਹ ਗਿਆਨ ਹੈ ਹੀ ਨਵੀ ਦੁਨੀਆਂ ਦੇ ਲਈ, ਜੋ ਬੇਹੱਦ ਦੇ ਬਾਪ ਆਕੇ ਦਿੰਦੇ ਹਨ। ਸਾਰੇ ਮਨੁੱਖ ਬੇਹੱਦ ਦੇ ਬਾਪ ਨੂੰ ਯਾਦ ਕਰਦੇ ਰਹਿੰਦੇ ਹਨ। ਅੰਗਰੇਜ ਲੋਕ ਵੀ ਕਹਿੰਦੇ ਹਨ ਓ ਗੋਡ ਫਾਦਰ ਲਿਬ੍ਰੇਟਰ, ਗਾਈਡ ਅਰਥ ਤਾਂ ਤੁਹਾਡੇ ਬੱਚਿਆਂ ਦੀ ਬੁੱਧੀ ਵਿੱਚ ਹੈ। ਬਾਪ ਆਕੇ ਦੁੱਖ ਦੀ ਦੁਨੀਆਂ ਆਇਰਨ ਏਜ ਤੋਂ ਕੱਢ ਕੇ ਗੋਲਡਨ ਏਜ਼ ਵਿੱਚ ਲੈ ਜਾਂਦੇ ਹਨ। ਗੋਲਡਨ ਏਜ਼ ਜਰੂਰ ਪਾਸ ਹੋਕੇ ਗਿਆ ਹੈ ਇਸਲਈ ਤਾਂ ਯਾਦ ਕਰਦੇ ਹਨ ਨਾ। ਤੁਹਾਨੂੰ ਬੱਚਿਆਂ ਨੂੰ ਅੰਦਰ ਖੁਸ਼ੀ ਰਹਿਣੀ ਚਾਹੀਦੀ ਹੈ ਅਤੇ ਦੈਵੀ ਕਰਮ ਵੀ ਕਰਨੇ ਚਾਹੀਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਤੋਂ ਜੋ ਅਵਿਨਾਸ਼ੀ ਗਿਆਨ ਰਤਨਾਂ ਦਾ ਅਖੁਟ ਖਜ਼ਾਨਾ ਮਿੱਲ ਰਿਹਾ ਹੈ - ਉਸਨੂੰ ਸਮ੍ਰਿਤੀ ਵਿੱਚ ਰੱਖ ਕੇ ਬੁੱਧੀ ਨੂੰ ਬੇਹੱਦ ਵਿੱਚ ਲੈ ਜਾਣਾ ਹੈ। ਇਸ ਬੇਹੱਦ ਨਾਟਕ ਵਿੱਚ ਕਿਵੇਂ ਆਤਮਾਵਾਂ ਆਪਣੇ-ਆਪਣੇ ਤੱਖਤ ਤੇ ਵਿਰਾਜਮਾਨ ਹਨ - ਇਸ ਕੁਦਰਤ ਨੂੰ ਸਾਕਸ਼ੀ ਹੋ ਕੇ ਦੇਖਣਾ ਹੈ।

2. ਸਦਾ ਬੁੱਧੀ ਵਿੱਚ ਰਹੇ ਕਿ ਅਸੀਂ ਸੰਗਮਯੁੱਗੀ ਬ੍ਰਾਹਮਣ ਹਾਂ, ਸਾਨੂੰ ਬਾਪ ਦੀ ਸ੍ਰੇਸ਼ਠ ਗੋਦ ਮਿਲੀ ਹੈ। ਅਸੀਂ ਰਾਵਣ ਦੀ ਗੋਦ ਵਿੱਚ ਜਾ ਨਹੀਂ ਸਕਦੇ ਹਾਂ। ਸਾਡਾ ਕਰੱਤਵ ਹੈ - ਡੁੱਬਣ ਵਾਲਿਆਂ ਨੂੰ ਵੀ ਬਚਾਉਣਾ।

ਵਰਦਾਨ:- ਵਿਅਰਥ ਸੰਕਲਪ ਰੂਪੀ ਪਿਲਰ ਨੂੰ ਆਧਾਰ ਬਣਾਉਣ ਦੀ ਬਜਾਏ ਸਰਵ ਸੰਬੰਧ ਦੇ ਅਨੁਭਵ ਨੂੰ ਵਧਾਉਣ ਵਾਲੇ ਸੱਚੇ ਸਨੇਹੀ ਭਵ

ਮਾਇਆ ਕਮਜ਼ੋਰ ਸੰਕਲਪ ਨੂੰ ਮਜ਼ਬੂਤ ਬਣਾਉਣ ਦੇ ਲਈ ਰਾਇਲ ਪਿਲਰਸ ਲਗਾਉਂਦੀ ਹੈ, ਬਾਰ - ਬਾਰ ਇਹੀ ਸੰਕਲਪ ਦਿੰਦੀ ਹੈ ਕਿ ਇਵੇਂ ਤਾਂ ਹੁੰਦਾ ਹੀ ਹੈ, ਵੱਡੇ - ਵੱਡੇ ਵੀ ਇਵੇਂ ਕਰਦੇ ਹਨ, ਹੁਣ ਸੰਪੂਰਨ ਤਾਂ ਹੋਏ ਨਹੀਂ ਹਨ, ਜਰੂਰ ਕੋਈ ਨਾ ਕੋਈ ਕਮਜ਼ੋਰੀ ਤਾਂ ਰਹੇਗੀ ਹੀ... ਇਹ ਵਿਅਰਥ ਰੂਪੀ ਪਿਲਰਸ ਕਮਜ਼ੋਰੀ ਨੂੰ ਹੋਰ ਮਜ਼ਬੂਤ ਕਰ ਦਿੰਦੇ ਹਨ। ਹੁਣ ਇਵੇਂ ਦੇ ਪਿਲਰਸ ਦਾ ਆਧਾਰ ਲੈਣ ਦੀ ਬਜਾਏ ਸਰਵ ਸੰਬੰਧਾਂ ਦੇ ਅਨੁਭਵ ਨੂੰ ਵਧਾਓ। ਸਾਕਾਰ ਰੂਪ ਵਿੱਚ ਸਾਥ ਦਾ ਅਨੁਭਵ ਕਰਦੇ ਸੱਚੇ ਸਨੇਹੀ ਬਣੋ।

ਸਲੋਗਨ:- ਸੰਤੁਸ਼ਟਤਾ ਸਭਤੋਂ ਵੱਡਾ ਗੁਣ ਹੈ, ਜੋ ਸਦਾ ਸੰਤੁਸ਼ਟ ਰਹਿੰਦੇ ਹਨ ਉਹੀ ਪ੍ਰਭੂ ਪ੍ਰਿਯ, ਲੋਕ ਪ੍ਰਿਯ ਅਤੇ ਖੁਦ ਪ੍ਰਿਯ ਬਣਦੇ ਹਨ।

******